*ਅਦਾਰਾ ਸਾਊਥ ਏਸ਼ੀਅਨ ਰੀਵੀਊ, ਪ੍ਰਿੰਸ ਜਾਰਜ, ਬੀ. ਸੀ. ਕੈਨੇਡਾ*

**ਤੀਜੀ ਵਿਸ਼ਵ ਪੰਜਾਬੀ ਕਾਨਫ਼ਰੰਸ, ਦੇਸ਼ ਭਗਤ ਯਾਦਗਾਰ ਹਾਲ, ਜਲੰਧਰ (15-18 ਫ਼ਰਵਰੀ 2007)**

# ਨਵੇਂ ਸੰਚਾਰ ਮਾਧਿਅਮ ਅਤੇ ਪੰਜਾਬੀ ਸਾਹਿਤ ਚਿੰਤਨ ਦਾ ਸੰਕਟ

**ਬਲਵਿੰਦਰ ਸਿੰਘ ਥਿੰਦ***

ਇੱਕੀਵੀਂ ਸਦੀ ਸਾਇੰਸ ਦੀ ਸਦੀ ਹੈ। ਹਰ ਸਥਿਤੀ ਬਦਲ ਰਹੀ ਹੈ। ਪੁਰਾਣਾ ਰੱਦ ਹੋ ਰਿਹਾ ਹੈ ਅਤੇ ਨਵਾਂ ਪੁਰਾਣੇ ਦੀ ਥਾਂ ਲੈਣ ਲਈ ਕਾਹਲ ਵਿਚ ਹੈ। ਸਾਹਿਤ ਅਤੇ ਸਭਿਆਚਾਰ ਦੇ ਦਰਪੇਸ਼ ਨਵੇਂ ਸੰਕਟ ਸਾਕਾਰ ਹੋ ਰਹੇ ਹਨ। ਵਿਸ਼ਵੀਕਰਣ ਦਾ ਵਰਤਾਰਾ (ਕਿਰਿਆ ਪ੍ਰਕਿਰਿਆ) ਬਾਹਰੋਂ ਬੜਾ ਪ੍ਰਭਾਵਤ ਕਰ ਰਿਹਾ ਹੈ ਪਰ ਇਸ ਨਵੀਂ ਸਥਿਤੀ ਨੇ ਛੋਟੇ ਸਮੂਹਾਂ ਦੇ ਸਾਹਿਤ ਅਤੇ ਸਭਿਆਚਾਰ ਨੂੰ ਜਿਵੇਂ ਤਬਾਹ ਕੀਤਾ ਹੈ, ਉਹ ਬੜਾ ਸਪੱਸ਼ਟ ਹੈ। ਜ਼ਾਹਰਾ ਰੂਪ ਵਿਚ ਇਹ ਦੇਖਿਆ ਜਾ ਰਿਹਾ ਹੈ ਕਿ ਵੱਖ-ਵੱਖ ਸਭਿਆਚਾਰ ਇਕ ਦੂਜੇ ਦੇ ਨੇੜੇ ਆ ਰਹੇ ਹਨ, ਬਰਾਬਰੀ ਦੀ ਸਥਿਤੀ ਵਿਚੋਂ ਬੜਾ ਕੁਝ ਨਵਾਂ ਸਿਰਜਿਆ ਜਾ ਰਿਹਾ ਹੈ ਪਰ ਅਸਲ ਵਿਚ ਇਸ ਸਥਿਤੀ ਵਿਚ ਲਘੂ ਹੋਂਦਾਂ ਮਿੱਟ ਰਹੀਆਂ ਹਨ। ਅਮੀਰ ਸਭਿਆਚਾਰ ਛੋਟੇ ਸਮੂਹਾਂ ਨੂੰ ਆਪਣੀ ਸ਼ਕਤੀ ਰਾਹੀਂ ਮਿਟਾ ਰਿਹਾ ਹੈ। ਜੋ ਬਾਹਰੋਂ ਨਵਾਂ ਲੱਗ ਰਿਹਾ ਹੈ, ਉਹ ਨਵਾਂ ਇਨ੍ਹਾਂ ਸਮੂਹਾਂ ਦੀ ਪਛਾਣ ਨੂੰ ਖ਼ਤਮ ਕਰ ਰਿਹਾ ਹੈ। ਵਿਸ਼ਵੀਕਰਣ ਦੇ ਇਸ ਦੌਰ ਵਿਚ ਸੱਭ ਤੋਂ ਮਨਫ਼ੀ ਭੂਮਿਕਾ ਇਹੀ ਨਵੇਂ ਸੰਚਾਰ ਮਾਧਿਅਮ ਨਿਭਾ ਰਹੇ ਹਨ, ਜਿਨ੍ਹਾਂ ਵਿਚ ਟੀ.ਵੀ./ਕੇਬਲ ਅਤੇ ਪ੍ਰਿੰਟ ਮੀਡੀਆ ਪ੍ਰਮੁੱਖ ਹਨ।

ਇਸ ਦੌਰ ਵਿਚ ਸਪੱਸ਼ਟ ਤੌਰ 'ਤੇ ਸਮਝ ਲੈਣਾ ਚਾਹੀਦਾ ਹੈ ਕਿ ਪਹਿਲਾਂ ਬਸਤੀਵਾਦ ਦੇ ਦੌਰ ਵਿਚ ਮੁੱਖ ਤਾਕਤਾਂ ਦੂਜੇ ਮੁਲਕਾਂ/ਸਮੂਹਾਂ ਨੂੰ ਮਿਟਾਉਣ ਲਈ ਉਨ੍ਹਾਂ ਦੀਆਂ ਧਰਤੀਆਂ ਨੂੰ ਜਿੱਤਦੀਆਂ ਸਨ ਅਤੇ ਇੰਝ ਉਹ ਆਪਣੇ ਸਾਮਰਾਜ ਨੂੰ ਫੈਲਾਉਂਦੀਆਂ ਹੋਈਆਂ ਇਨ੍ਹਾਂ ਸਮੂਹਾਂ/ਮੁਲਕਾਂ ਦੀਆਂ ਮੰਡੀਆਂ ਉਪਰ ਕਾਬਜ਼ ਹੁੰਦੀਆਂ ਸਨ ਅਤੇ ਫਿਰ ਉਨ੍ਹਾਂ ਦੇ ਸਭਿਆਚਾਰ, ਭਾਸ਼ਾ ਅਤੇ ਸਾਹਿਤ ਨੂੰ ਗਰਕ ਕਰਦੀਆਂ ਸਨ। ਅਜਿਹੇ ਬਸਤੀਵਾਦ ਦੇ ਦੌਰ ਵਿਚ ਸੰਚਾਰ ਮਾਧਿਅਮ ਏਨੇ ਤਿੱਖੇ ਨਹੀਂ ਸਨ ਕਿ ਬਿਨਾਂ ਧਰਤੀਆਂ ਜਿੱਤੇ, ਦੂਜਿਆਂ ਉਪਰ ਹਕੂਮਤ ਕੀਤੀ ਜਾ ਸਕੇ। ਅੰਗਰੇਜ਼ੀ ਰਾਜ ਦੀਆਂ ਸਾਮਰਾਜੀ ਨੀਤੀਆਂ ਇਸ ਦਾ ਜੀਵੰਤ ਪ੍ਰਮਾਣ ਹਨ। ਭਾਰਤ ਵਰਗੇ ਦੇਸ਼ਾਂ ਵਿਚ ਉਨ੍ਹਾਂ ਨੇ ਧਰਤੀਆਂ ਜਿੱਤੀਆਂ, ਮੰਡੀਆਂ ਉਪਰ ਕਾਬਜ਼ ਹੋਏ ਅਤੇ ਫਿਰ ਭਾਰਤੀ ਧਰਮਾਂ, ਸਭਿਆਚਾਰਾਂ ਅਤੇ ਭਾਸ਼ਾਵਾਂ ਦੀ ਪਛਾਣ ਮਨ-ਇੱਛਿਤ ਬਣਾਈ। ਇਹ ਸਾਮਰਾਜੀ ਦੌਰ ਦਾ ਇਕ ਲੰਮਾ ਇਤਿਹਾਸ ਹੈ।

ਵਿਸ਼ਵੀਕਰਣ ਦੇ ਦੌਰ ਵਿਚ ਸਾਮਰਾਜੀ ਸ਼ਕਤੀਆਂ ਨੂੰ ਹੁਣ ਧਰਤੀਆਂ ਜਿੱਤਣ ਦੀ ਲੋੜ ਨਹੀਂ ਰਹੀ। ਉਨ੍ਹਾਂ ਨੇ ਨਵੇਂ ਸੰਚਾਰ ਮਾਧਿਅਮਾਂ ਉਪਰ ਕਬਜ਼ਾ ਕਰ ਲਿਆ ਹੈ ਅਤੇ ਇਨ੍ਹਾਂ ਰਾਹੀਂ ਉਹ ਛੋਟੇ ਮੁਲਕਾਂ/ਸਮੂਹਾਂ ਦੇ ਅਵਚੇਤਨ ਮਨ ਉਪਰ ਕਬਜ਼ਾ ਕਰਦੇ ਹਨ। ਅਵਚੇਤਨ ਉਪਰ ਕਬਜ਼ਾ ਕਰ ਕੇ ਉਹ ਆਪਣੀਆਂ ਵਸਤੂਆਂ ਨੂੰ ਇਨ੍ਹਾਂ ਸਮੂਹਾਂ ਦੀਆਂ ਮੰਡੀਆਂ ਵਿਚ ਕਾਬਜ਼ ਕਰਵਾਉਂਦੀਆਂ ਹਨ ਅਤੇ ਫਿਰ ਆਉਂਦੀ ਹੈ ਉਥੋਂ ਦੇ ਸਭਿਆਚਾਰ,

ਭਾਸ਼ਾ ਅਤੇ ਸਾਹਿਤ ਨੂੰ ਮਿਟਾਉਣ ਦੀ। ਇਹ ਕਿਰਿਆ ਪ੍ਰਕਿਰਿਆ ਦੂਰੋਂ ਤਾਂ ਵਿਕਾਸ ਵਾਲੀ ਹੋਣ ਦਾ ਭਰਮ ਪਾਲਦੀ ਹੈ ਪਰ ਅਸਲ ਵਿਚ ਇਹ ਉਹ ਸਾਮਰਾਜੀ ਚਾਲ ਹੈ ਜੋ ਪਰਤ ਦਰ ਪਰਤ ਛੋਟੇ ਸਮੂਹਾਂ ਨੂੰ ਹੜੱਪ ਕਰਦੀ ਜਾਂਦੀ ਹੈ। ਪੰਜਾਬੀ ਭਾਸ਼ਾ, ਸਾਹਿਤ ਅਤੇ ਸਭਿਆਚਾਰ ਦਾ ਵਰਤਮਾਨ ਸੰਕਟ ਇਨ੍ਹਾਂ ਨਵੇਂ ਸੰਚਾਰ ਸਾਧਨਾਂ ਦੀ ਮਨਫ਼ੀ ਭੂਮਿਕਾ ਵਿਚੋਂ ਹੀ ਪੈਦਾ ਹੋ ਰਿਹਾ ਹੈ। ਇਹ ਤੱਥ ਬੜਾ ਸਪੱਸ਼ਟ ਹੋਣਾ ਚਾਹੀਦਾ ਹੈ ਕਿ ਨਵੇਂ ਸੰਚਾਰ ਮਾਧਿਅਮ ਉਸੇ ਸ਼ਕਤੀ ਦੇ ਅਧੀਨ ਹੋਣਗੇ ਜੋ ਸਰਮਾਏ ਦੀ ਮਾਲਕ ਹੋਵੇਗੀ। ਇਹੀ ਕਾਰਨ ਹੈ ਕਿ ਵਰਤਮਾਨ ਵਿਚ ਦੇਸੀ ਅਤੇ ਵਿਦੇਸ਼ੀ ਸਰਮਾਏਦਾਰ ਦੋਵੇਂ ਹੀ ਛੋਟੇ ਸਮੂਹਾਂ ਦੇ ਸਾਹਿਤ, ਭਾਸ਼ਾ ਅਤੇ ਸਭਿਆਚਾਰ ਨੂੰ ਗਰਕ ਕਰਨ ਦੀ ਭੂਮਿਕਾ ਨਿਭਾ ਰਹੇ ਹਨ। ਵਿਦੇਸ਼ੀ ਸ਼ਕਤੀ ਲਈ ਛੋਟੇ ਮੁਲਕ ਮੰਡੀ ਹਨ ਜਦ ਕਿ ਦੇਸੀ ਸਰਮਾਏਦਾਰ ਆਪਣੀ ਵਸਤੂ ਨੂੰ ਵੇਚਣ ਲਈ ਆਪਣੀ ਹੀ ਧਰਤੀ ਦੇ ਸੁਹਜ ਨੂੰ ਕੁਹਜ ਵਿਚ ਬਦਲ ਰਹੇ ਹਨ। ਦੋਹਾਂ ਸ਼ਕਤੀਆਂ ਦੀ ਮਾਰ ਵਿਚ ਛੋਟੇ ਸਮੂਹ ਆਪਣੀ ਹੋਂਦ ਮਿਟਦੀ ਦੇਖ ਰਹੇ ਹਨ ਅਤੇ ਬੇਵੱਸ ਹਨ। ਇਨ੍ਹਾਂ ਨਵੇਂ ਸੰਚਾਰ

---

** ਪਿੰਡ ਫ਼ਰੀਦ ਪੁਰ, ਡਾਕ: ਮਸੀਂਗਣ, ਜ਼ਿਲ੍ਹਾ ਪਟਿਆਲਾ, ਪੰਜਾਬ (09417543563)*

ਮਾਧਿਅਮਾਂ ਦਾ ਨਿਸ਼ਾਨਾ ਨਵੀਂ ਪੀੜ੍ਹੀ ਹੁੰਦਾ ਹੈ ਅਤੇ ਜਿਉਂ ਹੀ ਨਵੀਂ ਪੀੜ੍ਹੀ ਇਨ੍ਹਾਂ ਸਮਾਜ ਵਿਰੋਧੀ ਤਾਕਤਾਂ ਦੀ ਪਕੜ ਵਿਚ ਆ ਜਾਂਦੀ ਹੈ, ਉਸੇ ਵੇਲੇ ਭਾਸ਼ਾ ਅਤੇ ਸਭਿਆਚਾਰ ਦਾ ਸੁਹਜ ਕੁਹਜ ਵਿਚ ਬਦਲ ਜਾਂਦਾ ਹੈ। ਪੈਸੇ ਦੀ ਲਾਲਸਾ ਵਿਚ ਇਹ ਤਾਕਤਾਂ ਜੋ ਮਨਫੀ ਭੂਮਿਕਾ ਨਿਭਾ ਰਹੀਆਂ ਹਨ, ਉਹ ਬੜੀਆਂ ਨਿੰਦਣੀ ਹਨ।

ਇਸ ਦੌਰ ਵਿਚ ਨਵੀਂ ਸਿੱਖਿਆ ਪ੍ਰਣਾਲੀ ਸ਼ੁਰੂ ਕੀਤੀ ਗਈ ਜਿਸ ਦਾ ਮਤਲਬ ਇਕ ਅਜਿਹਾ ਵਰਗ ਪੈਦਾ ਕਰਨਾ ਸੀ ਜਿਹੜਾ ਆਮ ਲੋਕਾਂ ਨਾਲੋਂ ਵੱਖ ਅਤੇ ਉਚਾ ਹੋਵੇ। ਪਬਲਿਕ ਸਕੂਲਾਂ ਦੇ ਸੰਕਲਪਾਂ ਰਾਹੀਂ ਤੀਜੀ ਦੁਨੀਆਂ ਦੇ ਲੋਕਾਂ ਵਿੱਚ ਭਾਸ਼ਾਈ ਹੀਣਤਾ ਦਾ ਜ਼ਿਹਨੀਕਰਨ ਕੀਤਾ। ਇਸ ਦੀ ਮਨਜ਼ੂਰੀ ਲਈ ਜ਼ਮੀਨੀ ਵੱਤਰ ਤਾਂ ਬਸਤੀਵਾਦੀ ਦੌਰ ਵਿਚ ਹੀ ਤਿਆਰ ਹੋ ਚੁੱਕੀ ਸੀ। ਇਹੋ ਵਜ੍ਹਾ ਹੈ ਕਿ ਵਿਸ਼ਵੀਕਰਨ ਅੱਜ ਆਰਥਕ ਜੁਗਤਾਂ ਦੇ ਨਾਲ-ਨਾਲ ਭਾਸ਼ਾ ਰਾਹੀਂ ਵੀ ਅਪਣੀ ਹੈਂਕੜ ਦੀ ਧਾਕ ਜਮਾਉਣ ਵਿਚ ਸਫ਼ਲ ਹੋ ਰਿਹਾ ਹੈ। ਤੀਜੀ ਦੁਨੀਆਂ ਵਿਚ ਇਸ ਨੂੰ ਸੌਖਾਲਾ ਬਣਾਉਣ ਲਈ ਮੀਡੀਆ ਸਹਾਇਕ ਸੰਦ ਵਜੋਂ ਅਪਣਾ ਰੋਲ ਨਿਭਾਅ ਰਿਹਾ ਹੈ। ਪਛਮੀ ਮੁਲਕਾਂ ਵਲੋਂ ਅਪਣੇ ਮਾਲ ਦੀ ਵਿਕਰੀ ਲਈ, ਵਾਪਾਰੀਆਂ-ਖ਼ਪਤਕਾਰਾਂ ਨੂੰ ਆਪਸ ਵਿਚ ਮੀਡੀਆ ਰਾਹੀਂ ਜੋੜਨ ਲਈ, ਹਰ ਚੀਜ਼ ਵਾਂਗ ਮੀਡੀਆ ਨੂੰ ਵੀ ਮੰਡੀ ਦੀ ਵਸਤੂ ਬਣਾ ਦਿਤਾ ਹੈ। ਹੁਣ ਅਸੀਂ ਸੂਚਨਾ ਵੀ ਖ਼ਰੀਦਣ ਲੱਗ ਪਏ ਹਾਂ। ਹੁਣ ਮੀਡੀਆ ਸਮਾਜ ਸੇਵਾ ਨਹੀਂ, ਕਾਰੋਬਾਰੀ ਮੇਵਾ ਹੈ। ਅਸੀ ਪੰਜਾਬੀ ਜ਼ੁਬਾਨ ਦੀ ਤਰੱਕੀ ਤੇ ਉੱਨਤੀ ਨੂੰ ਵੀ ਮੀਡੀਆ ਦੇ ਸ਼ੀਸ਼ੇ ਰਾਹੀਂ ਵੇਖ ਰਹੇ ਹਾਂ। ਬਹੁਤ ਖ਼ੁਸ਼ ਹਾਂ ਕਿ ਮੀਡੀਆ ਪੰਜਾਬੀ ਜ਼ੁਬਾਨ ਦੀ ਤਰੱਕੀ ਕਰ ਰਿਹਾ ਹੈ ਅਤੇ ਇਸ ਰਾਹੀਂ ਪੰਜਾਬੀ ਜ਼ੁਬਾਨ ਨੇ ਦੁਨੀਆਂ ਨੂੰ ਅਪਣੇ ਘੇਰੇ ਵਿਚ ਲੈ ਲਿਆ ਹੈ। ਜਦੋਂ ਦਾ ਡਿਸ਼ ਐਨਟੀਨਾ ਆਇਆ ਹੈ, ਅਸੀਂ ਵਿਸ਼ਵੀਕਰਨ ਦੀ ਵਧੇਰੇ ਗੱਲ ਕਰਨ ਲੱਗ ਪਏ ਹਾਂ। ਦ੍ਰਿਸ਼ ਮੀਡੀਆ ਵਿਸ਼ਵੀਕਰਨ ਦਾ ਸੱਭ ਤੋਂ ਵੱਡਾ ਹਥਿਆਰ ਹੈ। ਇਸ ਨੇ ਲੋਕ ਜੀਵਨ ’ਤੇ ਡੂੰਘੀ ਛਾਪ ਛੱਡੀ ਹੈ। ਇਹ ਆਮ ਆਦਮੀ ਦੇ ਦਿਮਾਗ਼ ਵਿਚ ਅੰਨ੍ਹੀ-ਚੇਤਨਾ ਦਾ ਰਸ ਘੋਲ (ਸੰਚਾਰ ਕਰ) ਰਿਹਾ ਹੈ। ਪੰਜਾਬੀ ਦੇ ਬਹੁਤੇ ਹਰਮਨ ਪਿਆਰੇ ਚੈਨਲ ਦੁਨੀਆਂ ਨੂੰ ਪੰਜਾਬੀ ਜ਼ੁਬਾਨ ਤੇ ਸਭਿਆਚਾਰ ਦੀ ਧੁੰਦਲੀ ਤਸਵੀਰ ਵਿਖਾ ਰਹੇ ਹਨ। ਪੰਜਾਬੀ ਚੈਨਲਾਂ ਤੋਂ ਜਿਹੜੀ ਪੰਜਾਬੀ ਜ਼ੁਬਾਨ ਬੋਲੀ ਜਾਂਦੀ ਹੈ; ਉਸ ਦਾ ਲਹਿਜ਼ਾ ਪੰਜਾਬੀ ਘੱਟ ਅੰਗਰੇਜ਼ੀ (ਇੰਗਲਿਸ਼) ਵੱਧ ਹੁੰਦਾ ਹੈ। ਅਸੀਂ ‘ਲੁੱਟੇ ਜਾਣ’ ਵਿਚ ਵੀ ਆਨੰਦ ਲੈ ਰਹੇ ਹਾਂ ਜਦ ਕਿ ਪਛਮ ‘ਲੁੱਟ ਲੈਣ’ ਦਾ ਆਨੰਦ ਮਾਣ ਰਿਹਾ ਹੈ। ਇਸ ਦ੍ਰਿਸ਼ ਮੀਡੀਆ ਨੇ ਤਾਂ ਸਾਡੇ ਰਿਸਤਿਆਂ ਦੇ ਨਾਮ ਹੀ ਬਦਲ ਦਿੱਤੇ ਹਨ।

ਫਲਸਰੂਪ ਬੇਬੇ-ਬਾਪੂ, ਧੀ-ਪੁੱਤਰ, ਤਾਇਆ-ਚਾਚਾ, ਨਾਨਾ-ਨਾਨੀ, ਮਾਮਾ-ਮਾਮੀ, ਦਿਉਰ-ਭਰਜਾਈ ਅਤੇ ਨਣਾਣ ਆਦਿ ਸਾਦਾਚਾਰੀ ਸ਼ਬਦਾਵਲੀ ਤਾਂ ਹੁਣ ਸਾਡੇ ਲਈ ਗ਼ੈਰ ਤਹਿਜ਼ੀਬੀ ਬਣ ਕੇ ਰਹਿ ਗਈ ਹੈ। ਹੁਣ ਸਾਡੇ ਮਨਾਂ ਦੇ ਕੋਸ਼ ਵਿਚ ਮੌਮ, ਡੈਡ, ਹਸਬੈਂਡ, ਵਾਈਫ਼, ਫ਼ਾਦਰ, ਮਦਰ ਅਤੇ ਕਜ਼ਨ ਵਰਗੇ ਅੰਗਰੇਜ਼ੀ ਸ਼ਬਦ ਘਰ ਕਰ ਗਏ ਹਨ। ਅਸੀਂ ਅਪਣੇ ਬੱਚਿਆਂ ਦੇ ਨਾਮ ਪਿੰਕੀ, ਲਵਲੀ, ਸਵੀਟੀ, ਡਾਲਰ, ਪ੍ਰਿੰਸ, ਰੂਬਲ, ਡਿੰਪਲ, ਸਮਾਈਲ, ਰਿੰਕੀ, ਵਿੱਕੀ, ਲੱਕੀ, ਰੋਜ਼ੀ, ਰੋਮੀ ਅਤੇ ਹੈਪੀ ਆਦਿ ਰੱਖ ਰਹੇ ਹਾਂ। ਅਲਗੋਜੇ, ਵੰਝਲੀ, ਤੂੰਬਾ, ਢੋਲ ਤੇ ਚਿਮਟਾ ਦੀ ਥਾਂ ਕੈਸਿਟ, ਮੂਵੀ, ਟੀ.ਵੀ, ਵੀ.ਸੀ.ਆਰ, ਵੀ.ਸੀ.ਪੀ ਅਤੇ ਸੀ.ਡੀ ਵਗ਼ੈਰਾ ਨੇ ਲੈ ਲਈ ਹੈ। ਹੁਣ ਅਸੀਂ ਸ਼ੁਕਰੀਆ, ਮਿਹਰਬਾਨੀ, ਜੀ ਆਇਆਂ ਨੂੰ, ਮੁਬਾਰਕਬਾਦ, ਵਧਾਈਆਂ ਅਤੇ ਸਤਿ ਸ੍ਰੀ ਅਕਾਲ ਜਾਂ ਨਮਸਕਾਰ ਕਹਿਣ ਦੀ ਬਜਾਏ ਥੈਂਕਯੂ, ਥੈਂਕਸ, ਵੈੱਲਕਮ, ਬੈਸਟ ਵਿਸ਼ਿਜ਼, ਗੁੱਡ ਮਾਰਨਿੰਗ, ਬਾਏ-ਬਾਏ ਅਤੇ ਓ. ਕੇ. ਕਹਿਣਾ ਵਧੇਰੇ ਪਸੰਦ ਕਰਦੇ ਹਾਂ। ਸਾਨੂੰ ‘ਸੰਤ ਕਬੀਰ’ ਦੀ ਥਾਂ ‘ਸੇਂਟ ਕਬੀਰ’ ਕਹਿਣਾ ਵਧੇਰੇ ਵਧੀਆ ਜਾਪਦਾ ਹੈ। ਇਹੀ ਪੱਛਮੀ ਕਰਨ ਸਾਡੇ ਸਾਹਿਤ ਵਿਚ ਵੀ ਵੜਦਾ ਜਾ ਰਿਹਾ ਹੈ।

ਨਵੇਂ ਸੰਚਾਰ ਮਾਧਿਅਮ ਅਤੇ ਪੰਜਾਬੀ ਸਾਹਿਤ ਸਥਿਤੀ ਦੇ ਸੰਕਟ ਉਪਰ ਵਿਚਾਰ ਕਰਨ ਉਪਰੰਤ ਇਹ ਤੱਥ ਸਾਹਮਣੇ ਆਉਂਦਾ ਹੈ ਕਿ ਇਨ੍ਹਾਂ ਨਵੇਂ ਸੰਚਾਰ ਮਾਧਿਅਮਾਂ ਨੇ ਪੰਜਾਬੀ ਸਾਹਿਤ ਅਤੇ ਪਾਠਕ ਦੋਹਾਂ ਨੂੰ ਗੁਮਰਾਹ ਕਰ ਦਿਤਾ ਹੈ। ਰੀਮਿਕਸ ਦੇ ਨਾਂ ਹੇਠ ਪੰਜਾਬੀ ਦੇ ਮੌਲਿਕ ਸਭਿਆਚਾਰ ਨੂੰ ਖੰਡਿਤ ਕੀਤਾ ਜਾ ਰਿਹਾ। ਨਿਸ਼ੰਗਤਾ ਦੇ ਨਾਂ ਹੇਠ ਨਿਰਲੱਜਤਾ ਦਾ ਦੌਰ ਵੱਧ ਰਿਹਾ ਹੈ। ਪੰਜਾਬੀ ਜ਼ਬਾਨ ਦੀ ਸੁਰ ਨੂੰ ਸ਼ੋਰ ਵਾਂਗ ਪੇਸ਼ ਕੀਤਾ ਜਾ ਰਿਹਾ ਹੈ। ਟੀ.ਵੀ. ਚੈਨਲਾਂ ਉਪਰ ਲੱਚਰ ਬੋਲ ਅਤੇ ਲੱਚਰ ਪ੍ਰਦਰਸ਼ਨ ਦਿਖਾਇਆ ਜਾ ਰਿਹਾ ਹੈ। ਔਰਤ ਨੂੰ ਇਕ ਵਸਤੂ ਵੇਚਿਆ ਅਤੇ ਰੋਲਿਆ ਜਾ ਰਿਹਾ ਹੈ। ਨੈਤਿਕਤਾ ਅਤੀਤ ਦੀ ਘਟਨਾ ਬਣ ਗਈ ਹੈ। ਇਨ੍ਹਾਂ ਚੈਨਲਾਂ ਵਿਚ ਪੰਜਾਬੀ ਗੀਤਾਂ ਦੇ ਬੋਲਾਂ ਨੂੰ ਨਗਨਤਾ ਦੇ ਝਰੋਖੇ ਵਿਚੋਂ ਦਿਖਾਇਆ ਜਾ ਰਿਹਾ ਹੈ। ਇਹ ਹਾਲਤ ਦਿਨ-ਬ-ਦਿਨ ਨਿਘਰ ਵੱਲ ਜਾ ਰਹੀ ਹੈ। ਅਸ਼ਲੀਲ ਚੈਨਲਾਂ ਨੇ ਨਵੀਂ ਪੀੜ੍ਹੀ ਦੇ ਅਵਚੇਤਨ ਨੂੰ ਡਸ ਲਿਆ ਹੈ। ਸਾਹਿਤ ਦੀ ਚੇਟਕ ਹੁਣ ਬੀਤੇ ਸਮੇਂ ਦੀ ਗੱਲ ਬਣ ਕੇ ਰਹਿ ਗਈ ਹੈ। ਸਾਹਿਤ-ਸੁਹਜ ਅਤੇ ਸਾਹਿਤਕਾਰ ਨਵੀਂ ਪੀੜ੍ਹੀ ਲਈ ਅਜਨਬੀ ਬਣ ਗਏ ਹਨ। ਪੱਛਮੀ ਧੁਨਾਂ, ਪੱਛਮੀ ਸਾਜ਼ਾਂ ਅਤੇ ਪੱਛਮੀ ਪਹਿਰਾਵੇ ਨੇ ਪੰਜਾਬੀ ਰਹਿਤਲ ਅਤੇ ਭਾਸ਼ਾ ਨੂੰ ਖੰਡਿਤ ਕਰ ਦਿਤਾ ਹੈ। ਕਿਤਾਬ-ਸਭਿਆਚਾਰ ਮਿਟ ਰਿਹਾ ਹੈ, ਫਲਸਰੂਪ ਸਾਹਿਤਕਾਰ ਉਦਾਸ ਹੈ, ਉਸ ਦੀਆਂ ਸਾਹਿਤਕ ਗਤੀਵਿਧੀਆਂ ਖੜੋ ਗਈਆਂ ਹਨ। ਜੇ ਪਾਠਕ ਹੀ ਨਹੀਂ ਤਾਂ ਕਿਰਤ ਕਿਵੇਂ ਭਵਿੱਖ ਮੁਖੀ ਭੂਮਿਕਾ ਅਦਾ ਕਰੇਗੀ ? ਟੀ.ਵੀ. ਚੈਨਲਾਂ ਉਪਰ

ਸਾਹਿਤਕ ਨਾਟਕਾਂ ਦੀ ਥਾਂ ਜਿਹੜੇ ਸੀਰੀਅਲ ਦਿਖਾਏ ਜਾ ਰਹੇ ਹਨ, ਉਹ ਕੇਵਲ ਹਲਕਾ ਮਨੋਰੰਜਨ ਕਰਕੇ ਖ਼ਾਮੋਸ਼ ਹੋ ਜਾਂਦੇ ਹਨ। ਇਨ੍ਹਾਂ ਸੀਰੀਅਲਾਂ ਨੂੰ ਦੇਖ ਕੇ ਇੰਝ ਜਾਪਦਾ ਹੈ ਕਿ ਸਮਾਜ ਵਿਚ ਕੋਈ ਦੁਖ ਦਰਦ ਜਾਂ ਸਮੱਸਿਆ ਹੀ ਨਹੀਂ ਸੀ। ਇਨ੍ਹਾਂ ਚੈਨਲਾਂ ਨੇ ਪੰਜਾਬੀ ਸਾਹਿਤ, ਭਾਸ਼ਾ ਅਤੇ ਸਭਿਆਚਾਰ ਨੂੰ ਡੂੰਘੀ ਸੱਟ ਮਾਰੀ ਹੈ। ਪਾਠਕਾਂ ਦੀ ਥਾਂ ਚੁਲਬਲੇ ਸਰੋਤੇ ਹੋਂਦ ਵਿਚ ਆ ਗਏ ਹਨ। ਗਹਿਰ ਗੰਭੀਰ ਪਾਠਕ ਉਦਾਸੀਨ ਹੈ, ਲੇਖਕ ਦੁਬਿਧਾ ਵਿਚ ਹੈ, ਪ੍ਰਸ਼ਨ ਮਨਾਂ ਵਿਚ ਲਟਕ ਰਹੇ ਹਨ ਪਰ ਹੱਲ ਕੋਈ ਨਹੀਂ। ਨਵੀਂ ਪੀੜ੍ਹੀ ਨੂੰ ਗੁਮਰਾਹ ਕਰ ਕੇ ਇਹ ਨਵੇਂ ਸੰਚਾਰ ਮਾਧਿਅਮ ਉਨ੍ਹਾਂ ਦੇ ਭਵਿੱਖ ਨੂੰ ਤਾਂ ਡਸ ਹੀ ਰਹੇ ਹਨ ਪਰ ਨਾਲ ਹੀ ਉਹ ਇਕ ਗੰਭੀਰ ਸਭਿਆਚਾਰਕ ਸੰਕਟ ਪੈਦਾ ਕਰ ਰਹੇ ਹਨ। ਇਹ ਹਾਲਤ ਚਿੰਤਾਜਨਕ ਹੈ। ਸਾਹਿਤਕ ਮਾਹੌਲ ਮਿਟ ਗਿਆ ਹੈ ਅਤੇ ਸਾਹਿਤ ਦੇ ਨਾਂ ਹੇਠ ਅਸ਼ਲੀਲ ਸ਼ਬਦ-ਸਭਿਆਚਾਰ ਨੂੰ ਉਭਾਰਿਆ ਜਾ ਰਿਹਾ ਹੈ। ਇਹ ਸੰਕਟ ਕੇਵਲ ਪੰਜਾਬੀ ਭਾਸ਼ਾ, ਸਾਹਿਤ ਅਤੇ ਸਭਿਆਚਾਰ ਦਾ ਨਹੀਂ, ਬਲਕਿ ਹਰ ਉਸ ਛੋਟੇ ਸਮੂਹ ਦਾ ਹੈ ਜੋ ਸਰਮਾਏਦਾਰੀ ਸਿਸਟਮ ਵਿਚ ਆਪਣੀ ਹੋਂਦ ਗੁਆ ਰਿਹਾ ਹੈ। ਨਵੇਂ ਸੰਚਾਰ ਸਾਧਨਾਂ ਉਪਰ ਇਨ੍ਹਾਂ ਸਾਮਰਾਜੀ ਸ਼ਕਤੀਆਂ ਦਾ ਅਧਿਕਾਰ ਹੈ। ਇਹ ਜੋ ਚਾਹੁਣਗੇ, ਉਹੀ ਸਿਰਜਿਆ ਜਾਵੇਗਾ। ਕਦੀ ਸਥਿਤੀ ਇਹ ਸੀ ਕਿ ਨਾਨਕ ਸਿੰਘ ਦੇ ਨਾਵਲਾਂ ਨੂੰ ਪਾਠਕ ਉਡੀਕਦਾ ਸੀ, ਪ੍ਰੀਤ ਲੜੀ ਘਰ ਦਾ ਸ਼ਿੰਗਾਰ ਹੁੰਦੀ ਸੀ ਅਤੇ ਪੂਰਨ ਸਿੰਘ ਦੇ ਬੋਲਾਂ ਵਿਚੋਂ ਪੰਜਾਬੀਅਤ ਦੀ ਪਰਿਭਾਸ਼ਾ ਹੁੰਦੀ ਸੀ। ਹੁਣ ਇਹ ਸਥਿਤੀ ਨਹੀਂ ਰਹੀ। ਸਭਿਆਚਾਰ ਅਤੇ ਭਾਸ਼ਾ ਦਾ ਗੌਰਵ ਖੰਡਿਤ ਹੋ ਗਿਆ ਹੈ। ਸੁਰ ਦੀ ਥਾਂ ਸ਼ੋਰ ਹੈ, ਚਮੜੀ ਅਤੇ ਦਮੜੀ ਦਾ ਬੋਲਬਾਲਾ ਹੈ, ਨਗਨਤਾ ਦਾ ਨੰਗਾ ਪ੍ਰਦਰਸ਼ਨ ਹੈ, ਭੋਜਨ ਪ੍ਰਧਾਨ ਹੈ ਪਰ ਭਜਨ ਗਾਇਬ ਹੈ, ਅੰਨ ਬੇਸ਼ੁਮਾਰ ਹੈ ਪਰ ਭੁੱਖ ਨਹੀਂ ਮਿੱਟ ਰਹੀ, ਬੰਦਾ ਹੈ ਪਰ ਬੰਦਗੀ ਨਹੀਂ, ਦੌਲਤ ਦੀ ਕਮੀ ਨਹੀਂ ਪਰ ਗ਼ਰੀਬੀ ਨਹੀਂ ਜਾ ਰਹੀ।

ਸ਼ਬਦਾਂ ਦੇ ਸੁਹਜ ਦੀ ਥਾਂ ਸ਼ਬਦਾਂ ਨਾਲ ਖਿਲਵਾੜ ਹੋ ਰਿਹਾ ਹੈ। ਸਾਡਾ ਅਮੀਰ ਵਿਰਸਾ ਅਲੋਪ ਹੋ ਰਿਹਾ ਹੈ। ਸਾਡੀ ਖ਼ਾਨਦਾਨੀ ਪਛਾਣ ਖ਼ਤਮ ਹੋ ਰਹੀ ਹੈ ਅਤੇ ਸਾਡੀਆਂ ਪੀੜ੍ਹੀਆਂ ਗਰਕ ਰਹੀਆਂ ਹਨ। ਨਤੀਜੇ ਵਜੋਂ ਅਸੀਂ ਗੱਲਾਂ ਸੇਵਾ ਦੀਆਂ ਕਰਦੇ ਹਾਂ ਪਰ ਸੋਚਦੇ ਲੁੱਟਣ ਬਾਰੇ ਹਾਂ, ਅਸੀਂ ਪੁਲਾੜ ਤਾਂ ਜਿੱਤ ਲਿਆ ਹੈ ਪਰ ਅੰਦਰੋਂ ਹਾਰ ਗਏ ਹਾਂ, ਅਸੀਂ ਚੰਦਰਮਾ 'ਤੇ ਪਹੁੰਚ ਗਏ ਹਾਂ ਪਰ ਗੁਆਂਢੀ ਨੂੰ ਮਿਲਣਾ ਭੁੱਲ ਗਏ ਹਾਂ।

ਇਸ ਸਥਿਤੀ ਨੂੰ ਜੇ ਵਿਚਾਰਿਆ ਨਾ ਗਿਆ ਤਾਂ ਇਕ ਦਿਨ ਪੰਜਾਬੀ ਦੀ ਹੋਂਦ ਹੀ ਮਿਟ ਜਾਵੇਗੀ। ਇਸ ਸਥਿਤੀ ਤੋਂ ਬਚਣ ਲਈ ਅਮਾਨਵੀ ਧਿਰਾਂ ਦੇ ਵਿਰੋਧ ਵਿਚ ਲਾਮਬੰਦ ਹੋਣਾ ਪਵੇਗਾ ਅਤੇ ਚੇਤਨਾ ਦੀ ਲਹਿਰ ਦੀ ਪੈਰਵਾਈ ਕਰਨੀ ਪਵੇਗੀ। ਜੇ ਹੁਣ ਵੀ ਅਵੇਸਲੇ ਰਹੇ ਤਾਂ ਬੇਪਛਾਣੇ ਬਣ ਕੇ ਮਿਟ ਜਾਵਾਂਗੇ। ਆਓ ਇਸ ਸੰਕਟ ਸਮੇਂ ਚੇਤਨਾ ਦੀ ਇਕ ਚਿਣਗ ਜਗਾਈਏ ਅਤੇ ਘਰ ਘਰ ਇਸ ਚਿਣਗ ਵਿਚੋਂ ਨਵੀਆਂ ਲੀਹਾਂ ਸਿਰਜੀਏ।

---------------------------------------------------